ਅੰਮ੍ਰਿਤ ਸੰਚਾਰ ਵਿੱਚ ਵਰਤਿਆ ਜਾਣ ਵਾਲਾ ਜਲ

ਜਲ ਨੂੰ ਦੇਵਤਾ ਮੰਨਿਆ ਗਿਆ ਹੈ। ਆਓ ਆਪਾਂ ਸੁਰਤ ਟਿਕਾ ਕੇ, ਅੰਦਰਲੀ ਭਾਵਨਾ ਨਾਲ, ਅਤੇ ਸਹਿਜ ਨਾਲ ਜਲ ਦੀ ਭਾਵਨਾ ਨੂੰ, ਜਲ ਦੀ ਅਰਦਾਸ ਨੂੰ ਆਪਣੀ ਸੁਰਤ ਵਿੱਚ ਲੈ ਕੇ ਆਈਏ ਜੀ। ਆਓ ਆਪਾਂ ਡੂੰਘੀ ਗੱਲ ਕਰੀਏ ਜੀ: ਅੰਮ੍ਰਿਤ ਅਭਿਲਾਖੀ ਵਾਂਗ, ਜਲ ਵੀ ਅਭਿਲਾਖੀ ਹੈ। ਜਲ ਵੀ ਤਪੱਸਵੀ ਹੈ। ਜਲ ਭਗਤ ਹੈ।

ਜਦੋਂ ਸੇਵਾਦਾਰ ਅੰਮ੍ਰਿਤ ਦੀ ਸੇਵਾ ਲਈ ਭਰਦੇ ਨੇ ਤਾਂ ਜਲ ਅੰਦਰੋਂ ਇੱਕ ਹੂਕ ਨਿੱਕਲਦੀ ਹੈ ਕਿ ਹੇ ਦਸਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀਓ, ਮੈਂ ਸਮੁੰਦਰਾਂ ਵਿੱਚ ਰਿਹਾ, ਨਦੀਆਂ ਵਿੱਚ ਵਗਿਆ, ਪਤਾ ਨਹੀਂ ਕਿੰਨੀ ਵਾਰ ਬੱਦਲਾਂ ਵਿੱਚ ਉੱਡਿਆ, ਖੂਹਾਂ ਵਿੱਚ ਡੁੱਬਿਆ, ਲੋਕਾਂ ਨੇ ਮੇਰੇ ਵਿੱਚ ਮੈਲ਼ੇ ਪੈਰ ਧੋਤੇ, ਜੂਠੇ ਭਾਂਡੇ ਮਾਂਜੇ, ਮੈਲ਼ ਧੋਤੀ, ਮੈਂ ਤਾਂ ਆਪ ਮੈਲ਼ਾ ਹਾਂ। ਦੂਜਿਆਂ ਦੀ ਮੈਲ਼ ਮੈਂ ਕੀ ਧੋ ਸਕਦਾ ਹਾਂ।

ਹੇ ਸੱਚੇ ਪਾਤਸ਼ਾਹ, ਸੁਣਿਆ ਅੱਜ ਤੁਸੀਂ ਖਾਲਸਾ ਸਾਜ ਰਹੇ ਹੋ, ਅੰਮ੍ਰਿਤ ਤਿਆਰ ਕਰਨ ਲੱਗੇ ਹੋ। ਹੇ ਬਾਜਾਂ ਵਾਲੇ ਪਾਤਸ਼ਾਹ ਜੀਓ ਮੇਰੀ ਵੀ ਝੋਲੀ ਅੱਡੀ ਹੋਈ ਹੈ, ਮੈਨੂੰ ਵੀ ਬਾਟੇ ਵਿੱਚ ਥਾਂ ਬਖਸ਼ੋ। ਮੈਨੂੰ ਖੰਡੇ ਦੀ ਛੁਹ ਮਿਲ ਜਾਏ, ਮੇਰੇ 'ਤੇ ਪੰਜਾਂ ਪਿਆਰਿਆਂ ਦੀ ਦਇਆ ਵਾਲੀ ਨਜ਼ਰ ਪੈ ਜਾਏ ਜੀ। ਸਰਬ-ਲੋਹ ਜੀ ਦੀ ਪਾਵਨ ਛੁਹ ਨਾਲ ਮੈਂ ਜਲ ਤੋਂ ਅੰਮ੍ਰਿਤ ਬਣ ਜਾਵਾਂ। ਮੈਂ ਮਰਕੇ ਜਿਓਣਾ ਚਾਹੁੰਦਾ ਹਾਂ। ਡੁੱਬਕੇ ਉਡਣਾ ਚਾਹੁੰਦਾ ਹਾਂ। ਦਾਤਾ ਜੀ ਮੈਂ ਆਪਾ ਮਾਰਕੇ ਵਾਂ ਜੀਵਨ ਚਾਹੁੰਦਾ ਹਾਂ।

ਦਾਤਾ ਜੀਓ ਮੇਰੇ ਕੰਨ ਤਰਸੇ ਪਏ ਨੇ, ਮੈਨੂੰ ਜਪੁਜੀ ਸਾਹਿਬ ਦੀ ਬਾਣੀ ਸੁਣਾ ਦਿਓ। ਮੈਂ ਫਿੱਕਾ ਹਾਂ, ਮੈਨੂੰ ਵਾਹਿਗੁਰੂ ਨਾਮ ਦੀ ਮਿਠਾਸ ਬਖਸ਼ ਦਿਓ ਤਾਂ ਕਿ ਮੈਂ ਫਿੱਕੇ ਤੋਂ ਮਿੱਠਾ ਹੋ ਸਕਾਂ। ਹੁਣ ਮੈਂ ਆਮ ਜਲ ਨਹੀਂ ਰਹਿਣਾ, ਦਾਤਾ ਜੀਓ ਤੁਸੀਂ ਮੈਨੂੰ ਆਪਣੀ ਦਇਆ ਮਿਹਰ ਨਾਲ ਖਾਸ ਬਣਾ ਲਓ, ਤਾਂ ਕਿ ਛਕਣ ਵਾਲਿਆਂ ਦੀ ਜਨਮਾਂ ਜਨਮਾਂ ਦੀ ਪਿਆਸ ਮਿਟ ਸਕੇ। ਦਾਤਾ ਜੀਓ ਮੈਂ ਜਿਹੋ ਜਿਹਾ ਵੀ ਹਾਂ, ਬੱਸ ਪ੍ਰਵਾਨ ਕਰ ਲਵੋ। ਦਾਤਾ ਜੀ ਮੈਨੂੰ ਪ੍ਰਵਾਨ ਕਰ ਲਵੋ। ਮੈਨੂੰ ਜਲ ਨੂੰ ਜਲ ਤੋਂ ਅੰਮ੍ਰਿਤ ਬਣਾ ਲਵੋ ਜੀ।

ਜਦੋਂ ਸਾਫ ਸੁਥਰੀਆਂ ਬਾਲਟੀਆਂ ਵਿੱਚ ਜਲ ਅੰਦਰ ਗੁਰੂ ਕੀ ਹਜ਼ੂਰੀ ਵਿੱਚ ਪਹੁੰਚ ਜਾਂਦਾ ਹੈ ਤਾਂ ਜਲ ਸੇਵਾਦਾਰਾਂ ਨੂੰ ਵੀ ਕੁੱਝ ਗੱਲਾਂ ਵੀ ਸਮਝਾਉਂਦਿਆਂ ਕਹਿੰਦਾ ਹੈ: ਭਰਾਵੋ ਮੈਨੂੰ ਜਿਸ ਭਾਂਡੇ ਵਿੱਚ ਵੀ ਪਾਓਂਗੇ, ਮੈਂ ਓਸੇ ਤਰ੍ਹਾਂ ਦਾ ਹੋ ਜਾਣਾ। ਜਦ ਸਿੰਘ ਮੈਨੂੰ ਬਾਟੇ ਵਿੱਚ ਪਾਉਣਗੇ ਤਾਂ ਮੈਂ ਬਾਟੇ ਦਾ ਹੀ ਹੋ ਜਾਣਾ ਹੈ।

ਸੇਵਾਦਾਰੋ ਯਾਦ ਰੱਖਣਾ ਤੁਸੀਂ ਵੀ ਕਦੇ ਜਲ ਰੂਪੀ ਜੂਨ ਵਿੱਚੋਂ ਆਏ ਹੋ। ਜਿਵੇਂ ਅੱਜ ਮੈਂ ਸਮੁੰਦਰਾਂ, ਨਦੀਆਂ, ਨਾਲਿਆਂ, ਟੋਭਿਆਂ, ਬੱਦਲਾਂ ਦਾ ਸਫਰ ਕਰਕੇ ਬਾਟੇ ਵਿੱਚ ਪਹੁੰਚਕੇ ਦਸਮ ਪਿਤਾ ਜੀ ਵਿੱਚ ਸਮਾ ਗਿਆ ਹਾਂ, ਇਵੇਂ ਤੁਸੀਂ ਵੀ ਉਡੀਕ ਰੱਖਣੀ, ਤੁਸੀਂ ਵੀ ਇੱਕ ਦਿਨ ਜ਼ਰੂਰ ਦਸਮ ਪਿਤਾ ਜੀ ਅੰਦਰ ਸਮਾਓਗੇ ਹੀ ਸਮਾਉਗੇ। ਬੱਸ ਹਾਓਮੈ ਤੋਂ, ਕ੍ਰੋਧ ਅਤੇ ਬਾਕੀ ਵਿਕਾਰਾਂ ਤੋਂ ਸਦਾ ਬਚਕੇ ਰਹਿਣਾ। ਅੰਦਰ ਸੰਪੂਰਨ ਸਮਰਪਣ ਦੀ ਭਾਵਨਾ ਰੱਖਣੀ। ਫਿਰ ਅੱਗੇ ਜਲ ਕਹਿੰਦਾ: ਵਾਹਿਗੁਰੂ ਜੀਓ, ਜਲ ਹਮੇਸ਼ਾਂ ਨੀਵੇਂ ਵੱਲ ਵਗਦਿਆਂ ਕਹਿੰਦਾ ਹੈ ਮੈਂ ਉੱਚਾ ਨਹੀਂ ਹੋਣਾ, ਸਦਾ ਨੀਵਾਂ ਹੀ ਰਹਿਣਾ ਹੈ। ਇੰਨਾ ਕੁ ਨੀਵਾਂ ਰਹਿਣਾ ਹੈ ਕਿ ਮੈਂ ਹਰ ਕਿਸੇ ਦੇ ਚਰਨ ਧੋ ਸਕਾਂ।

ਜਲ ਕਹਿੰਦਾ ਸੇਵਕੋ ਮੇਰੇ ਵਾਂਗ ਤੁਸੀਂ ਆਪਣੇ ਅੰਦਰ ਠੰਡਕ ਵੀ ਰੱਖਣੀ ਹੈ। ਦਾਤਾ ਜੀ ਨੇ ਤਾਂ ਮੇਰੀ ਸੇਵਾ ਹੀ ਤਪਦਿਆਂ ਨੂੰ ਠੰਡਕ ਦੇਣ ਦੀ ਲਗਾਈ ਹੈ। ਸਿੰਘੋ ਮੇਰੀ ਅਤੇ ਤੁਸਾਂ ਦੀ ਸੇਵਾ ਇੱਕੋ ਹੀ ਹੈ। ਤੁਸੀਂ ਵੀ ਤਪਦਿਆਂ ਦੀ ਠੰਡਕ ਦੇਣੀ ਹੈ। ਤੁਸੀਂ ਕਦੇ ਵੀ ਭੁੱਲਣਾ ਨਹੀਂ ਕਿ ਅਸੀਂ ਕਿਸੇ ਦਾ ਹਿਰਦਾ ਤਪਾਉਣਾ ਨਹੀਂ ਬਲਕਿ ਤਪਦੇ ਹਿਰਦਿਆਂ ਨੂੰ ਠਾਰਨਾ ਹੈ।

ਫਿਰ ਜਲ ਕਹਿੰਦਾ: ਪਿਆਰਿਓ ਆਪਣੇ ਹਿਰਦੇ ਵਿਸ਼ਾਲ ਰੱਖਣੇ, ਕਦੇ ਕਿਸੇ ਨਾਲ ਜਾਤੀ ਭੇਦ ਭਾਵ ਨਹੀਂ ਰੱਖਣਾ। ਜਲ ਕਹਿੰਦਾ ਮੈਨੂੰ ਸਾਰੇ ਧਰਮ ਹੀ ਵਰਤਦੇ ਨੇ। ਸਾਰੇ ਧਰਮ ਮੈਨੂੰ ਹੀ ਅੰਮ੍ਰਿਤ ਬਣਾਕੇ ਆਪਣੇ ਆਪ ਨੂੰ ਅਕਾਲ ਪੁਰਖ ਦੇ ਨੇੜੇ ਲੈ ਕੇ ਜਾਂਦੇ ਨੇ, ਇਵੇਂ ਤੁਸੀਂ ਵੀ ਆਪਣੇ ਹਿਰਦਿਆਂ ਅੰਦਰ ਨਾਮ ਦੇ ਖਜ਼ਾਨੇ ਭਰਕੇ ਰੱਖਣੇ, ਜਿਹੜਾ ਵੀ ਤੁਹਾਨੂੰ ਮਿਲੇ, ਓਹ ਵੀ ਸ੍ਰੀ ਅਕਾਲ ਪੁਰਖ ਜੀ ਦੇ ਨੇੜੇ ਜਾਵੇ।

ਅਖੀਰ ਆਪਾਂ ਕਹਿ ਸਕਦੇ ਹਾਂ ਕਿ ਜਲ ਦੀ ਅਰਦਾਸ ਹੁੰਦੀ ਹੈ: ਦਾਤਾ ਜੀਓ ਮੈਨੂੰ ਆਪਣੇ ਵਿੱਚ ਮਿਲਾ ਲਵੋ। ਜਿਵੇਂ ਪਾਣੀ ਜਦੋਂ ਦੁੱਧ ਵਿੱਚ ਮਿਲ ਜਾਂਦਾ ਹੈ ਤਾਂ ਫਿਰ ਉਹ ਦੁੱਧ ਰੂਪ

ਹੀ ਹੋ ਜਾਂਦਾ ਹੈ। ਇਸ ਲਈ ਮੈਨੂੰ ਵੀ ਆਪਣੇ ਵਿੱਚ ਅਭੇਦ ਕਰ ਲਵੋ। ਮੈਨੂੰ ਵੀ ਹੁਣ ਜਲ ਹੀ ਨਾ ਰਹਿਣ ਦੇਣਾ, ਮੈਨੂੰ ਖੰਡੇ ਦੀ ਛੁਹ ਨਾਲ ਅੰਮ੍ਰਿਤ ਬਣਾ ਕੇ ਆਪਣੇ ਅੰਦਰ ਸਮਾ ਲਵੋ, ਆਪਣੇ ਵਿੱਚ ਮਿਲਾ ਲਵੋ। ਫਿਰ ਮੈਨੂੰ ਜਿਹੜਾ ਵੀ ਛਕੇ, ਓਹੀਓ ਸਾਰੀ ਵਾਹਿਗੁਰੂ ਜਪੇ। ਦਾਤਾ ਜੀਓ ਮੈਂ ਜਿਸ ਦੇ ਮੁੱਖ ਪਵਾਂ, ਓਹੀਓ ਮੁੱਖ ਬੋਲੇ ਵਾਹਿਗੁਰੂ ਤੇਰਾ ਸ਼ੁਕਰ ਹੈ।

ਅੱਜ ਸਤਿਗੁਰਾਂ ਨੇ ਨਵਾਂ ਅਹਿਸਾਸ ਬਖਸ਼ਿਆ ਕਿ ਜਦੋਂ ਬਾਟੇ ਵਿੱਚ ਜਲ ਪੈ ਜਾਂਦਾ ਹੈ, ਪਤਾਸੇ ਪੈ ਜਾਂਦੇ ਨੇ ਤਾਂ ਬਾਣੀ ਪੜ੍ਹਦੇ ਸਮੇਂ ਖੰਡਾ ਚੱਲਣ ਨਾਲ ਜਲ ਉਛਲਦਾ ਨਹੀਂ ਬਲਕਿ ਜਲ ਖੁਸ਼ੀ ਵਿੱਚ ਨੱਚਣ ਹੀ ਲੱਗ ਜਾਂਦਾ ਹੈ ਕਿ, ਵਾਹ ਜੀ ਵਾਹ ਅੱਜ ਮੇਰਾ ਸਫਰ ਪੂਰਾ ਹੋਇਆ, ਅੱਜ ਮੈਂ ਬਾਟੇ ਵਿੱਚ ਆ ਗਿਆ, ਅੱਜ ਮੈਂ ਪੰਜਾਂ ਪਿਆਰਿਆਂ ਦੀ ਦਇਆ ਵਾਲੀ ਦ੍ਰਿਸ਼ਟੀ ਹੇਠ ਆ ਗਿਆ ਹਾਂ। ਅੱਜ ਮੈਂ ਅੰਮ੍ਰਿਤ ਬਣ ਗਿਆ ਹਾਂ, ਅੱਜ ਮੈਂ, ਮੈਂ ਨਹੀਂ ਰਿਹਾ, ਮੇਰੀ ਬੂੰਦ ਬੂੰਦ ਬਾਣੀ ਨਾਲ, ਖੰਡੇ ਦੀ ਛੁਹ ਨਾਲ, ਪੰਜਾਂ ਪਿਆਰਿਆਂ ਦੀ ਦ੍ਰਿਸ਼ਟੀ ਨਾਲ ਅੰਮ੍ਰਿਤ ਬਣ ਗਈ ਹੈ। ਮੇਰਾ ਸਮੁੰਦਰਾਂ ਦਾ, ਬੱਦਲਾਂ ਦਾ, ਨਦੀਆਂ, ਨਹਿਰਾਂ, ਦਰਿਆਵਾਂ, ਪਹਾੜਾਂ ਦਾ, ਕਦੇ ਧਰਤੀ ਵਿੱਚ ਜਾਣਾ, ਕਦੇ ਧਰਤੀ ਵਿੱਚੋਂ ਬਾਹਰ ਆਉਣ ਦਾ ਸਫਰ ਖਤਮ ਹੋਇਆ। ਅੱਜ ਮੈਂ ਦਸਮੇਸ਼ ਪਿਤਾ ਜੀ ਦੇ ਦਰ ਪ੍ਰਵਾਨ ਹੋਇਆ ਹਾਂ। ਮੇਰੀ ਯਾਤਰਾ ਸਫਲਾ ਹੋਈ। ਮੇਰੀ ਯਾਤਰਾ ਸਫਲਾ ਹੋਈ।

ਕਾਸ਼ ਆਪਣੇ ਅੰਦਰੋਂ ਵੀ ਜਲ ਵਰਗੀ ਭਾਵਨਾ ਬਣ ਆਵੇ, ਆਪਾਂ ਨੂੰ ਆਪਣੇ ਸਫਰ ਦਾ ਪਤਾ ਲੱਗ ਜਾਵੇ, ਆਪਾਂ ਵੀ ਜਪ ਜਪ ਕੇ ਅੰਮ੍ਰਿਤ ਬਣ ਸਕੀਏ ਜੀ। ਆਪਣਾ ਵੀ ਜਨਮਾਂ ਜਨਮਾਂ ਦਾ ਸਫਰ ਖਤਮ ਹੋ ਜਾਏਗਾ। ਸਦਾ ਅੰਦਰੋਂ ਜੁੜਕੇ, ਇੱਕ ਹੋ ਕੇ, ਸਦਾ ਬੋਲਦੇ ਰਹੀਏ:

ਧੰਨ ਸ੍ਰੀ ਅਕਾਲ ਪੁਰਖ ਵਾਹਿਗੁਰੂ।

ਧੰਨ ਅੰਮ੍ਰਿਤ ਸੰਚਾਰ।

ਧੰਨ ਪੰਜ ਪਿਆਰੇ।

ਧੰਨ ਬਾਟਾ।

ਧੰਨ ਉਹ ਜਲ, ਜਿਹੜਾ ਬਾਟੇ ਵਿੱਚ ਆ ਕੇ ਅੰਮ੍ਰਿਤ ਬਣਦਾ ਹੈ।